ਅੱਗੇ ਕੀ ਹੋਵੇਗਾ

Generation New Era ਦਾ ਹਿੱਸਾ ਬਣਨ ਲਈ ਤੁਹਾਡਾ ਧੰਨਵਾਦ।

ਤੁਹਾਡੀ ਭਾਗੀਦਾਰੀ ਨੇ ਇੱਕ ਮਹੱਤਵਪੂਰਨ ਵਿਗਿਆਨਕ ਅਧਿਐਨ ਵਿੱਚ ਯੋਗਦਾਨ ਪਾਇਆ ਹੈ, ਜੋ ਆਉਣ ਵਾਲੇ ਕਈ ਸਾਲਾਂ ਤੱਕ ਪਰਿਵਾਰਾਂ ਅਤੇ ਬੱਚਿਆਂ ਦੇ ਜੀਵਨ ਨੂੰ ਲਾਭ ਪਹੁੰਚਾਏਗਾ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਆਪਣੇ ਬੱਚੇ ਬਾਰੇ ਅਤੇ ਮਾਪੇ ਵਜੋਂ ਆਪਣੇ ਅਨੁਭਵਾਂ ਬਾਰੇ ਸਾਡੇ ਸਵਾਲਾਂ ਦੇ ਜਵਾਬ ਦੇ ਕੇ ਚੰਗਾ ਲੱਗਾ ਹੋਵੇਗਾ।

ਭਵਿੱਖ ਵਿੱਚ ਕੀ ਹੋਵੇਗਾ?

ਤੁਹਾਡਾ ਅਗਲਾ ਇੰਟਰਵਿਊ: ਅਸੀਂ ਉਮੀਦ ਕਰਦੇ ਹਾਂ ਕਿ ਤੁਹਾਡਾ ਬੱਚਾ ਕਿਵੇਂ ਵੱਡਾ ਹੋ ਰਿਹਾ ਹੈ, ਇਹ ਜਾਣਨ ਲਈ ਤੁਹਾਨੂੰ ਹਰ ਕੁਝ ਸਾਲਾਂ ਬਾਅਦ ਭਾਗ ਲੈਣ ਲਈ ਸੱਦਾ ਦਿੱਤਾ ਜਾਵੇਗਾ। ਅਗਲਾ ਇੰਟਰਵਿਊ ਸੰਭਾਵਤ ਤੌਰ 'ਤੇ ਉਦੋਂ ਹੋਵੇਗਾ, ਜਦੋਂ ਉਹ 3 ਸਾਲ ਦੇ ਹੋ ਜਾਣਗੇ। ਜਦੋਂ ਤੁਹਾਡਾ ਬੱਚਾ ਵੱਡਾ ਹੋ ਜਾਂਦਾ ਹੈ, ਤਾਂ ਉਹ ਖੁਦ ਫ਼ੈਸਲਾ ਕਰ ਸਕਦਾ ਹੈ ਕਿ ਕੀ ਉਹ ਭਾਗ ਲੈਣਾ ਜਾਰੀ ਰੱਖਣਾ ਚਾਹੁੰਦਾ ਹੈ।

BabySteps ਐਪ: ਜੇਕਰ ਤੁਸੀਂ BabySteps ਐਪ ਲਈ ਸਾਈਨ ਅੱਪ ਕੀਤਾ ਹੈ, ਤਾਂ ਅਸੀਂ ਤੁਹਾਨੂੰ ਮਹੀਨਾਵਾਰ ਛੋਟੀਆਂ ਖੋਜ ਗਤੀਵਿਧੀਆਂ ਕਰਨ ਲਈ ਸੱਦਾ ਦੇਵਾਂਗੇ, ਜਿੱਥੇ ਤੁਸੀਂ ਵਾਧੂ ਵਾਊਚਰ ਕਮਾ ਸਕਦੇ ਹੋ। ਜੇਕਰ ਤੁਸੀਂ ਰਜਿਸਟਰ ਨਹੀਂ ਕੀਤਾ ਹੈ ਅਤੇ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਇੰਟਰਵਿਊ ਵਾਲੇ ਲੌਗਇਨ ਕੋਡ ਦੀ ਵਰਤੋਂ ਕਰ ਸਕਦੇ ਹੋ।

ਭਵਿੱਖ ਦੇ ਮੌਕੇ: ਤੁਹਾਨੂੰ ਹੋਰ ਖੋਜ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾ ਸਕਦਾ ਹੈ ਜਾਂ ਅਧਿਐਨ ਵਿੱਚ ਮਦਦ ਕਰਨ ਦੇ ਹੋਰ ਤਰੀਕਿਆਂ ਲਈ ਪੁੱਛਿਆ ਜਾ ਸਕਦਾ ਹੈ। ਤੁਸੀਂ ਇਹਨਾਂ ਵਿੱਚ ਭਾਗ ਨਾ ਲੈਣ ਦਾ ਵਿਕਲਪ ਚੁਣ ਸਕਦੇ ਹੋ ਅਤੇ ਫਿਰ ਵੀ Generation New Era ਦਾ ਹਿੱਸਾ ਬਣੇ ਰਹਿ ਸਕਦੇ ਹੋ।

ਭਾਗ ਲੈਣਾ ਹਮੇਸ਼ਾ ਤੁਹਾਡੀ ਆਪਣੀ ਮਰਜ਼ੀ ਹੈ। ਤੁਹਾਡੇ ਕੋਲ ਕਿਸੇ ਵੀ ਸਮੇਂ ਪੂਰੇ ਅਧਿਐਨ ਤੋਂ ਜਾਂ ਇਸਦੇ ਵੱਖ-ਵੱਖ ਹਿੱਸਿਆਂ ਤੋਂ ਵਿਦਡਰਾਅ ਕਰਨ ਦਾ ਅਧਿਕਾਰ ਹੈ।

ਅਸੀਂ ਸੰਪਰਕ ਵਿੱਚ ਕਿਵੇਂ ਰਹਾਂਗੇ?

ਅਸੀਂ ਤੁਹਾਨੂੰ ਈਮੇਲ ਅਤੇ ਡਾਕ ਰਾਹੀਂ ਅਧਿਐਨ ਦੀਆਂ ਖ਼ਬਰਾਂ ਅਤੇ ਨਤੀਜਿਆਂ ਦੇ ਅੱਪਡੇਟ ਭੇਜਾਂਗੇ।

ਅਸੀਂ ਸੰਪਰਕ ਵਿੱਚ ਰਹਿਣ ਲਈ ਤੁਹਾਡੇ ਦੁਆਰਾ ਦਿੱਤੇ ਗਏ ਸੰਪਰਕ ਵੇਰਵਿਆਂ ਦੀ ਵਰਤੋਂ ਕਰਾਂਗੇ। **ਜੇਕਰ ਤੁਸੀਂ ਆਪਣਾ ਪਤਾ ਬਦਲਦੇ ਹੋ ਜਾਂ ਆਪਣਾ ਈਮੇਲ ਪਤਾ ਜਾਂ ਫੋਨ ਨੰਬਰ ਬਦਲਦੇ ਹੋ, ਤਾਂ ਕਿਰਪਾ ਕਰਕੇ QR ਕੋਡ ਦੀ ਵਰਤੋਂ ਕਰਕੇ ਸਾਨੂੰ ਦੱਸੋ।**

ਜੇਕਰ ਤੁਸੀਂ ਸਾਨੂੰ ਕਿਸੇ ਅਜਿਹੇ ਵਿਅਕਤੀ ਦੇ ਵੇਰਵੇ ਦਿੱਤੇ ਹਨ, ਜਿਸ ਨਾਲ ਅਸੀਂ ਭਵਿੱਖ ਵਿੱਚ ਤੁਹਾਡੇ ਨਾਲ ਸੰਪਰਕ ਨਾ ਹੋਣ ਦੀ ਸੂਰਤ ਵਿੱਚ ਗੱਲ ਕਰ ਸਕੀਏ, **ਤਾਂ ਕਿਰਪਾ ਕਰਕੇ ਜਾਂਚ ਕਰ ਲਓ ਕਿ ਉਹ ਇਸ ਮਕਸਦ ਲਈ ਆਪਣੇ ਵੇਰਵੇ ਸਾਡੇ ਕੋਲ ਰੱਖਣ ਅਤੇ ਵਰਤਣ ਲਈ ਸਹਿਮਤ ਹਨ**।

ਤੁਹਾਡੇ ਸੰਪਰਕ ਵੇਰਵਿਆਂ ਨੂੰ ਅੱਪ-ਟੂ-ਡੇਟ ਰੱਖਣ ਵਿੱਚ ਮਦਦ ਲਈ ਅਸੀਂ NHS ਰਿਕਾਰਡਾਂ, ਪਤਾ ਜਾਂਚ ਸੇਵਾਵਾਂ ਅਤੇ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਵਰਗੇ ਸਰੋਤਾਂ ਦੀ ਵਰਤੋਂ ਵੀ ਕਰ ਸਕਦੇ ਹਾਂ।

ਤੁਸੀਂ ਸਾਡੀ ਵੈੱਬਸਾਈਟ gnestudy.info 'ਤੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। Instagram 'ਤੇ ਸਾਨੂੰ ਫਾਲੋ ਕਰੋ! @gnestudy

ਤੁਹਾਡੇ ਇੰਟਰਵਿਊ ਬਾਰੇ ਸਵਾਲ?

Ipsos ਨਾਲ ਸੰਪਰਕ ਕਰੋ: gnestudy@ipsos.com ਜਾਂ **0800 151 0610**।

ਕੀ ਤੁਸੀਂ ਆਪਣੇ ਸੰਪਰਕ ਵੇਰਵੇ, ਮਨਜ਼ੂਰੀਆਂ ਅੱਪਡੇਟ ਕਰਨਾ ਚਾਹੁੰਦੇ ਹੋ ਜਾਂ ਵਿਦਡਰਾਅ ਕਰਨਾ ਚਾਹੁੰਦੇ ਹੋ?

ਜੇਕਰ ਤੁਹਾਨੂੰ ਆਪਣਾ ਪਤਾ, ਈਮੇਲ ਪਤਾ ਜਾਂ ਫੋਨ ਨੰਬਰ ਬਦਲਣ ਦੀ ਲੋੜ ਹੈ, ਤਾਂ ਕਿਰਪਾ ਕਰਕੇ ਇੱਥੇ ਸਕੈਨ ਕਰੋ: QR ਕੋਡ –gnestudy.info/update-your-details. ਤੁਸੀਂ ਸੰਪਰਕ ਫਾਰਮ ਦੀ ਵਰਤੋਂ ਕਰਕੇ ਰੁਟੀਨ ਰਿਕਾਰਡਾਂ ਨੂੰ ਜੋੜਨ ਦੀਆਂ ਮਨਜ਼ੂਰੀਆਂ ਵੀ ਬਦਲ ਸਕਦੇ ਹੋ ਜਾਂ ਅਧਿਐਨ ਤੋਂ ਵਿਦਡਰਾਅ ਕਰ ਸਕਦੇ ਹੋ।

ਜੇਕਰ ਤੁਸੀਂ ਆਪਣੇ ਜੀਵਨ ਨਾਲ ਜੁੜੀ ਕਿਸੇ ਗੱਲ ਬਾਰੇ ਕਿਸੇ ਨਾਲ ਗੱਲ ਕਰਨਾ ਚਾਹੁੰਦੇ ਹੋ ਤਾਂ ਕੀ ਕਰਨਾ ਹੈ?

ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਭਾਗ ਲੈ ਕੇ ਚੰਗਾ ਲੱਗਾ ਹੋਵੇਗਾ। ਜੇਕਰ ਕਿਸੇ ਗੱਲ ਨੇ ਤੁਹਾਨੂੰ ਚਿੰਤਤ ਕੀਤਾ ਹੈ, ਤਾਂ ਅਜਿਹੀਆਂ ਸੰਸਥਾਵਾਂ ਹਨ, ਜੋ ਮਦਦ ਕਰ ਸਕਦੀਆਂ ਹਨ:

- **ਹੋਮ ਸਟਾਰਟ** – ਮਾਪਿਆਂ ਲਈ ਸਹਾਇਤਾ: home-start.org.uk/find-your-nearest-home-start
- **ਸਿਟੀਜ਼ਨ ਐਡਵਾਈਜ਼** – ਪੈਸਿਆਂ ਅਤੇ ਵਿਹਾਰਕ ਸਲਾਹ ਲਈ: citizensadvice.org.uk
- **ਟਾਕ ਟੂ ਫਰੈਂਕ** – ਨਸ਼ਿਆਂ ਅਤੇ ਸ਼ਰਾਬ ਬਾਰੇ ਗੁਪਤ ਸਲਾਹ: talktofrank.com। ਈਮੇਲ, ਟੈਕਸਟ **82111**, ਕਾਲ ਕਰੋ **0300 123 6600** (24 ਘੰਟੇ), ਜਾਂ ਵੈੱਬਚੈਟ
- **ਰੈਫਿਊਜ** – ਔਰਤਾਂ ਲਈ ਘਰੇਲੂ ਹਿੰਸਾ/ਸੋਸ਼ਣ ਵਿਰੁੱਧ ਸਹਾਇਤਾ:refuge.org.uk ਜਾਂ ਕਾਲ ਕਰੋ **0808 2000 247** (24 ਘੰਟੇ)
- **ਰਿਸਪੈਕਟ** – ਆਪਣੇ ਵਿਵਹਾਰ ਬਾਰੇ ਚਿੰਤਤ ਵਿਅਕਤੀਆਂ ਲਈ ਸਹਾਇਤਾ (ਕਾਲ ਕਰੋ 0808 8024040) ਜਾਂ ਘਰੇਲੂ ਹਿੰਸਾ ਦੇ ਸ਼ਿਕਾਰ ਪੁਰਸ਼ਾਂ ਲਈ (ਕਾਲ ਕਰੋ 0808 8010 327)। respect.org.uk
- **ਸਮੈਰੀਟਨਜ਼** – ਭਾਵਨਾਤਮਕ ਸਹਾਇਤਾ: samaritans.org ਜਾਂ ਕਾਲ ਕਰੋ **116 123**(24 ਘੰਟੇ)
- ਸਿਹਤ ਸੰਬੰਧੀ ਚਿੰਤਾਵਾਂ ਲਈ, ਆਪਣੇ GP ਜਾਂ **ਹੈਲਥ ਵਿਜ਼ਿਟਰ ਨਾਲ ਸੰਪਰਕ ਕਰੋ**।

Generation New Era ਦਾ ਹਿੱਸਾ ਬਣਨ ਲਈ ਤੁਹਾਡਾ ਧੰਨਵਾਦ